© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040301
Volume 4, Issue 3| July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.01

| DOI | Received Date | Accepted Date | Published Date |
|---|---|---|---|
| 10.64119/armaan.vol.4.issue3.01 | August 03, 2026 | August 31, 2026 | September 05, 2026 |

ਖੋਜ ਪੇਪਰ (Research Article)

# ਸ਼ਾਹ ਹੁਸੈਨ ਦਾ ਮਹਿਰਮ: 'ਮੈਂ ਨਾਹੀ ਸਭ ਤੂੰ'

## Shah Hussain Da Mehram: 'Mai Nahi Sab Tu'

**ਡਾ. ਲਖਵੀਰ ਲੈਜ਼ੀਆ (Dr. Lakhvir Lezia)**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ (Asst. Professor, Dept. of Punjabi)
ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ, ਬਠਿੰਡਾ (ਪੰਜਾਬ)- 151401
ORCID: 0000-0001-5314-6407
*E-mail: Lezia.lakhvir@gmail.com*

### *ਸਾਰ (Abstract)*

*ਹੁਸੈਨ ਫ਼ਕੀਰ ਪਹਿਲਾ ਅਜਿਹਾ ਸ਼ਾਇਰ ਹੈ ਜਿਸ ਨੇ ਰੱਬ ਨੂੰ ਮਹਿਰਮ ਬਣਾਇਆ। ਕੇਵਲ ਮਹਿਰਮ ਹੀ ਨਹੀਂ ਬਣਾਇਆ, ਸਗੋਂ ਉਸ ਨੂੰ ਪੜਾਅ ਦਰ ਪੜਾਅ ਆਪਣੀ ਸ਼ਾਹ ਰਗ ਤੋਂ ਵੀ ਨੇੜੇ ਦੱਸ ਕੇ ਆਪਣੇ-ਆਪ ਦੀ ਨਫੀ ਤੱਕ ਕਰ ਦਿੱਤੀ, 'ਮੈਂ ਨਾਹੀ ਸਭ ਤੂੰ'। ਅਸਲ ਵਿੱਚ ਬਾਦਸ਼ਾਹਤ ਨੂੰ ਚੁਣੌਤੀ ਹੈ। ਚੁਣੌਤੀ ਜਿਹੜਾ ਵੇਲੇ ਦਾ ਬਾਦਸ਼ਾਹ ਬਣ ਬੈਠਾ ਹੈ ਇਹ ਸਿਰਫ਼ ਭਰਮ ਹੈ। ਹੁਸੈਨ ਸਭ ਉਸ ਮਹਿਰਮ ਉੱਤੇ ਛੱਡਦਾ ਹੈ ਜਿਹੜਾ ਉਸ ਦੇ ਰੋਮ-ਰੋਮ 'ਚ ਸਮਾਇਆ ਹੈ। ਜਿਸ ਨੂੰ ਸਭ ਕੁਝ ਮੰਨਦਾ ਹੈ। ਮਹਿਰਮ ਨੇ ਹੁਸੈਨ ਦੀ ਨਫੀ ਕਰਕੇ ਉਸ 'ਚੋਂ ਆਪਣੇ-ਆਪ ਨੂੰ ਪ੍ਰਗਟ ਕੀਤਾ। 'ਮੈਂ ਨਾਹੀ ਸਭ ਤੂੰ' ਹੁਸੈਨ ਨੇ ਇਸ ਨਫੀ ਲਈ ਮਹਿਰਮ, ਸਰੀਰ ਲਈ, ਰੋਮ ਰੋਮ ਲਈ ਮਨ, ਸਭ ਕੁਝ ਮੇਰਾ ਬੁੱਧੀ ਲਈ ਅਤੇ ਮੈਂ ਨਾਹੀ ਤੂੰ ਲਈ ਆਤਮਾ ਨੂੰ ਅਥਾਹ ਪ੍ਰਕਾਸ਼ 'ਚ ਸਥਾਪਿਤ ਕੀਤਾ। ਇਸ ਪ੍ਰਕਾਸ਼, ਅਨੰਤ ਜੋਤ ਆਦਿ ਦਾ ਛੋਟੀ ਜੋਤ ਭਾਵ ਆਤਮਾ, ਰੂਹ ਦਾ ਸਮੁੱਚੀ ਕਾਇਨਾਤ 'ਚ ਮਿਲ ਜਾਣਾ ਹੀ 'ਮੈਂ ਨਾਹੀ ਸਭ ਤੂੰ' ਦਾ ਅਹਿਸਾਸ ਕਰਵਾਉਂਦਾ ਹੈ। ਰੱਬ ਨੂੰ ਮਹਿਰਮ ਬਣਾ ਕੇ ਜਦੋਂ ਸਭ ਕੁਝ ਉਸ ਨੂੰ ਜਾਣ ਲਿਆ ਤਾਂ ਮੈਂ ਤੋਂ ਤੂੰ ਦੀ ਧੁਨੀ ਦਾ ਹੀ ਅਲਾਪ ਸੁਣਾਈ ਦਿੰਦਾ ਹੈ।*

### *ਮੁੱਖ-ਸ਼ਬਦ (Keywords)*

*ਰੱਬ, ਮਹਿਰਮ, ਅੰਦਰ,ਬਾਹਰ, ਤਾਣਾ,ਬਾਣਾ, ਫ਼ਕੀਰ, ਨਿਮਾਣਾ।*

*ਮੱਧਕਾਲੀਨ ਪੰਜਾਬੀ ਸੂਫ਼ੀ ਕਾਵਿ-ਪਰੰਪਰਾ ਵਿੱਚ ਸ਼ਾਹ ਹੁਸੈਨ ਦੀ ਕਾਵਿ-ਸਿਰਜਣਾ ਰਹੱਸਵਾਦੀ ਅਨੁਭਵ, ਸੰਗੀਤਕ ਲੈਅ ਅਤੇ ਸਮਰਪਣ ਭਾਵ ਦਾ ਸਿਖਰ ਪੇਸ਼ ਕਰਦੀ ਹੈ। ਸ਼ਾਹ ਹੁਸੈਨ ਦੀ ਪ੍ਰਸਿੱਧ ਕਾਫ਼ੀ ਦਾ ਇਹ ਕਾਵਿਕ-ਪਾਠ ਅਧਿਆਤਮਿਕ ਇਸ਼ਕ ਅਤੇ ਆਤਮ-ਸਮਰਪਣ ਦਾ ਇੱਕ ਉੱਤਮ ਨਮੂਨਾ ਹੈ:*

*ਸਿਰੀ ਰਾਗੁ*
*ਰੱਬਾ ਮੇਰੇ ਹਾਲ ਦਾ ਮਹਿਰਮੁ ਤੂੰ ।ਰਹਾਓ।*
*ਅੰਦਰਿ ਤੂੰ ਏ ਬਾਹਰਿ ਤੂੰ ਏ,ਰੋਮ ਰੋਮ ਵਿਚਿ ਤੂੰ ।*
*ਤੂੰ ਏ ਤਾਣਾ ਤੂੰ ਏ ਬਾਣਾ,ਸਭ ਕਿਛੁ ਮੇਰਾ ਤੂੰ ।*
*ਕਹੈ ਹੁਸੈਨ ਫ਼ਕੀਰ ਨਿਮਾਣਾ,ਮੈਂ ਨਾਹੀਂ ਸਭ ਤੂੰ।*[1]

ਇਹ ਕਾਫ਼ੀ ਹਮਦ ਰੂਪ ਵਿੱਚ ਲਿਖੀ ਗਈ ਹੈ। ਹਮਦ ਤੋਂ ਭਾਵ ਤਾਰੀਫ਼, ਪ੍ਰਸ਼ੰਸਾ ਆਦਿ ਤੋਂ ਹੈ। ਇਸ ਨੂੰ ਮੰਗਲਾਚਰਨ ਦੇ ਰੂਪ ਵਿੱਚ ਵੀ ਸਮਝਿਆ ਜਾ ਸਕਦਾ ਹੈ।

ਗਾਇਨ ਸ਼ੈਲੀ 'ਚ ਪੇਸ਼ਕਾਰੀ ਲਈ ਇਸ ਵਿੱਚ ਸਿਰੀ ਰਾਗ ਦੀ ਵਰਤੋਂ ਕੀਤੀ ਗਈ ਹੈ। ਸਿਰੀ ਰਾਗੁ ਹਿੰਦੁਸਤਾਨ ਤੇ ਕਰਨਾਟਕ ਸੰਗੀਤ ਦੀਆਂ ਦੋ ਵੱਖਰੀਆਂ-ਵੱਖਰੀਆਂ ਸ਼ਾਸਤਰੀ ਪਰੰਪਰਾਵਾਂ ਵਿੱਚ ਪਾਇਆ ਜਾਣ ਵਾਲਾ ਰਾਗੁ ਹੈ। ਇਸ ਦੇ ਅਰਥ ਵੀ ਵੱਖੋ-ਵੱਖਰੇ ਹਨ। ਇਹ ਰਾਗ ਸ਼ਾਮ ਦੇ ਵੇਲੇ ਸੂਰਜ ਛਿਪਣ ਤੋਂ ਬਾਅਦ ਗਾਇਆ ਜਾਣ ਵਾਲਾ ਹੈ।

ਹਿੰਦੁਸਤਾਨੀ ਪੁਰਾਣੀ ਰੀਤ ਅਨੁਸਾਰ ਇਹ ਰਾਗੁ ਅਤਿ ਗੰਭੀਰ, ਡੂੰਘਾ, ਗਹਿਨ ਵਿਚਾਰਾਂ ਨੂੰ ਉਤੇਜਿਤ ਕਰਨ ਵਾਲਾ, ਭਗਤੀ ਭਾਵ ਤੇ ਸਮਰਪਣ ਨਾਲ ਭਰਿਆ ਹੋਇਆ ਹੈ। ਪ੍ਰੇਮ, ਸੁਹਜ, ਸ਼ਕਤੀ ਤੇ ਜਨੂਨ ਨਾਲ ਭਰਪੂਰ ਭਾਵਾਂ ਨੂੰ ਇਸ ਰਾਗੁ ਦੀ ਗਾਇਨ ਸ਼ੈਲੀ ਵਿੱਚ ਪੇਸ਼ ਕੀਤਾ ਜਾਂਦਾ ਹੈ।

ਰਾਗੁ 'ਚ ਅਤਿ ਡੂੰਘੀ, ਗੂੜੀ, ਗਹਿਰੀ,ਮੁਹੱਬਤ ਤੇ ਇਸ਼ਕ ਲਈ ਸਮਰਪਣ ਭਾਵ ਦਾ ਪ੍ਰਗਟਾਅ ਹੁੰਦਾ ਹੈ। ਇਹ ਪ੍ਰਗਟਾਅ ਆਪਾ ਨਫ਼ੀ ਕਰਕੇ ਅੰਦਰ ਦੀ 'ਮੈਂ'

ਨੂੰ ਮਾਰ ਕੇ ਫਿਰ ਪ੍ਰਗਟ ਹੁੰਦਾ ਹੈ। ਆਪਣਾ-ਆਪਾ ਫ਼ਨਾਅ ਕਰਨ ਦੀ ਹਾਲਤ ਹੈ। ਇਹ ਨਿੱਜੀ ਅਨੁਭਵ ਸਾਰਾ ਅੰਦਰ ਦੇ ਪ੍ਰਗਟਾਅ ਦਾ ਹਾਲ ਹੈ।

ਹੁਸੈਨ ਫ਼ਕੀਰ ਨੇ ਇਸ ਕਾਫ਼ੀ 'ਚ ਰਾਗ ਸਿਰੀ ਦੀ ਵਰਤੋਂ ਕਰਕੇ ਆਪਣੇ ਅੰਦਰ ਦੇ ਰੂ-ਬ-ਰੂ ਕਰਵਾਇਆ। ਕਰਵਾ ਉਹ ਇੰਝ ਰਿਹਾ ਹੈ *"ਰੱਬਾ ਮੇਰੇ ਹਾਲ ਦਾ ਮਹਿਰਮੁ ਤੂੰ"* ਪਹਿਲੀ ਜਾਂਚੇ ਨਜ਼ਰ ਮਾਰਿਆਂ ਤਾਂ ਇੰਝ ਲੱਗਦਾ ਹੈ ਪਈ ਹੁਸੈਨ ਫ਼ਕੀਰ ਸਿੱਧਾ-ਸਿੱਧਾ ਰੱਬ ਨੂੰ ਆਪਣਾ ਹਾਲ ਦੱਸਦਾ ਪਿਆ ਹੈ ਕਿ, ਤੂੰ ਮੇਰਾ ਹਾਲ ਜਾਣਦਾ ਹੈ। ਅੰਦਰ-ਬਾਹਰ ਤੋਂ ਲੈ ਕੇ ਰੋਮ-ਰੋਮ 'ਚ ਤੂੰ ਏ। ਤੇਰੇ ਤੋਂ ਕੁਝ ਛੁਪਿਆ ਹੋਇਆ ਨਹੀਂ । ਇਹ ਪਹਿਲੀ ਤੇ ਓਪਰੀ ਨਜ਼ਰ ਦੀ ਪੜ੍ਹਤ ਬਣਦੀ ਏ। ਹੁਣ ਜ਼ਰਾ ਕੁ ਇਸ ਨੂੰ ਪਾਸੇ ਰੱਖ ਕੇ ਸ਼ਬਦਾਂ ਦੇ ਮਾਇਨੇ ਕਰਕੇ ਕਾਫ਼ੀ ਨੂੰ ਵਿਚਾਰਦੇ ਹਾਂ, ਕਿਉਂ ਜੋ ਗੁਰੂ ਸਾਹਿਬ ਵੀ ਕਹਿੰਦੇ ਹਨ, *"ਵਿੱਦਿਆ ਵਿਚਾਰੀ ਤਾਂ ਪਰਉਪਕਾਰੀ"*[2] ਇੰਝ ਹੀ ਕਾਫ਼ੀ ਨੂੰ ਵਿਚਾਰੀਏ।

ਹੁਸੈਨ ਫ਼ਕੀਰ ਸਿੱਧੇ ਰੂਪ 'ਚ ਰੱਬ ਨੂੰ ਮੁਖ਼ਾਤਬ ਹੋ ਰਿਹਾ ਏ। "ਰੱਬਾ" ਕਿਸੇ ਵਿਚੋਲੇ ਨੂੰ ਵਿੱਚ ਨਹੀਂ ਲਿਆਂਦਾ ਭਾਵ ਧਰਮ ਦੇ ਠੇਕੇਦਾਰਾਂ ਨੂੰ ਪਾਸੇ ਕਰ ਦਿੱਤਾ। *"ਚਾਰੇ ਨੈਣ ਗਡਾਵਡ ਹੋਇ, ਵਿੱਚ ਵਿਚੋਲਾ ਕੇਹਾ"*[3] ਇਸ ਦਾ ਸੰਬੋਧਨ ਰੱਬ ਨੂੰ ਏ। ਜਿਵੇਂ ਰੱਬ ਤੇ ਹੁਸੈਨ ਆਹਮੋ-ਸਾਹਮਣੇ ਬੈਠੇ ਹੋਣ। ਵਿਚਕਾਰ ਦੋਹਾਂ ਦੇ ਕੋਈ ਨਹੀਂ। ਇਹ ਮਿਲਣੀ ਹੁਸੈਨ ਨੂੰ ਹੀ ਨਹੀਂ, ਸਗੋਂ ਰੱਬ ਨੂੰ ਵੀ ਉਸ ਦੇ ਰਖਵਾਲਿਆਂ ਕੋਲੋਂ ਆਜ਼ਾਦ ਕਰਵਾਉਂਦੀ ਹੈ, ਕਿਉਂ ਜੋ ਰੱਬ ਉੱਤੇ ਵੀ ਉਚਿਆਂ ਦੀ ਅਮੀਰੀ,ਗੁਮਾਨ, ਗ਼ਰੂਰ, ਆਕੜ ਤੇ ਹੰਕਾਰ ਨੇ ਮੱਲ ਮਾਰਿਆ ਹੋਇਆ ਹੈ। ਐਨਾ ਹੀ ਨਹੀਂ, ਸਗੋਂ ਰੱਬ ਨੂੰ ਕੈਦ ਕਰਨ ਲਈ ਮੰਦਰ, ਮਸਜਿਦ, ਗਿਰਜੇ ਆਦਿ ਸਭ ਤਰਾਂ ਦੀਆਂ ਇਮਾਰਤਾਂ ਸਿਰਜੀਆਂ ਹੋਈਆਂ ਹਨ। ਪਰ ਹੁਸੈਨ ਨੇ ਪਹਿਲਾਂ ਤਾਂ ਰੱਬ ਨੂੰ ਇਸ ਸਾਰੇ ਕੂੜ ਵਿੱਚੋਂ ਬਾਹਰ ਕੱਢਿਆ ਤੇ ਉਸ ਨਾਲ ਬਿਨਾਂ ਕਿਸੇ ਚਾਰ ਦੀਵਾਰੀ ਵਾਲੀ ਇਮਾਰਤ ਤੋਂ ਬਿਨਾਂ ਖੁੱਲੀ ਅਸਮਾਨੀ ਨੀਲੀ ਛੱਤ ਹੇਠ ਰੁੱਖਾਂ ਦੀਆਂ ਸੰਘਣੀਆਂ ਛਾਂ ਭਰੀਆਂ ਦੀਵਾਰਾਂ 'ਚ ਬੈਠ ਕੇ ਸਿੱਧਾ ਰਾਬਤਾ ਕਰ ਰਿਹਾ ਹੈ, *"ਰੱਬਾ"* ਇੰਝ ਦੋਵੇਂ ਇੱਕ ਪਾਸੇ ਹੋ ਗਏ ਦੁਨੀਆਂ ਦੀ ਵਲਗਣ 'ਚੋਂ ਬਾਹਰ।

ਰੱਬਾ, ਜਿਵੇ ਰੱਬ ਉਸ ਦੇ ਸਾਹਮਣੇ ਬੈਠਾ ਹੈ। ਹੁਸੈਨ ਨੇ ਰੱਬ ਨੂੰ ਸੱਤਵੇਂ ਆਸਮਾਨ ਤੀ ਜ਼ੰਨਤ ਤੋਂ ਹੇਠਾ ਧਰਤੀ 'ਤੇ ਲਿਆ ਕੇ ਸਾਹਮਣੇ ਬਿਠਾ ਲਿਆ। ਮੈਂ-ਤੂੰ, ਉਚ-ਨੀਚ ਦਾ ਭੇਦ-ਭਾਵ ਮੁਕਾ ਦਿੱਤਾ। ਹੁਸੈਨ ਫ਼ਕੀਰ ਨੇ ਹੋਰ ਕਾਫ਼ੀਆਂ ਵਿੱਚ ਵੀ ਰੱਬ ਦਾ ਜ਼ਿਕਰ ਕੀਤਾ ਹੈ। ਜਿਵੇਂ,

- *ਸੋਈ ਭਲੀਆ ਜੋ ਰੱਬ ਵੱਲਿ ਆਈਆਂ, ਜਿਨਾਂ ਨੂੰ ਇਸ਼ਕ ਝਰੋਕਾ ਵੇ ਲੋਕਾ।।*[4]
- *ਨੀ ਤੈਨੂੰ ਰੱਬ ਨਾ ਭੁੱਲੀ ਦੁਆ ਫ਼ਕੀਰਾਂ ਦੀ ਏਹਾ, ਰੱਬ ਨਾ ਭੁੱਲੀ ਸਭ ਕੁਝ ਭੁੱਲੀ, ਰੱਬ ਨਾ ਭੁੱਲਣ ਜੇਹਾ।।*[5]
- *ਨਿਮਾਣਿਆਂ ਦੀ ਰੱਬਾ ਰੱਬਾ ਹੋਈ।।*[6]
- *ਇਸ਼ਕ ਫ਼ਕੀਰਾਂ ਦੀ ਟੋਹਣੀ, ਇਹ ਵਸਤ ਅਗੋਚਰ ਜੋਹਣੀ, ਅਸਾਂ ਹਰ ਦਮ ਰੱਬ ਧਿਆਵਣਾ।।*[7]

ਇਹਨਾਂ ਕਾਫ਼ੀਆਂ ਵਿੱਚ ਹੁਸੈਨ ਨੇ ਰੱਬ ਨੂੰ ਬੰਦੇ ਨਾਲ ਤੇ ਬੰਦੇ ਨੂੰ ਰੱਬ ਨਾਲ ਸਿੱਧੇ ਜੋੜਿਆ। ਫ਼ੇਰ ਆਪਣਾ ਬਣਾ ਕੇ ਦੱਸ ਰਿਹਾ ਹੈ, *"ਮੇਰੇ ਹਾਲ ਦਾ ਮਹਿਰਮੁ ਤੂੰ"* ਹਾਲ ਅਰਬੀ-ਫ਼ਾਰਸੀ ਭਾਸ਼ਾਵਾਂ ਦਾ ਸ਼ਬਦ ਹੈ, ਜਿਸ ਨੂੰ ਹੁਣ ਆਮ ਹੀ ਵਰਤਿਆ ਜਾਂਦਾ ਏ। ਹਾਲ ਇੱਕ ਖਾਸ ਹਾਲਤ ਨੂੰ ਜ਼ਾਹਿਰ ਕਰਦਾ ਏ ਜਿਹੜੀ ਹਰ ਘੜੀ, ਪਲ, ਛਿਣ ਦੀ ਹੈ। ਇਸ ਵਿੱਚ ਪਿਛਲਾ, ਹੁਣ ਦਾ ਤੇ ਆਉਣ ਵਾਲਾ ਹਰ ਹਾਲ ਸ਼ਾਮਿਲ ਹੈ। ਹਾਲ ਤੋਂ ਸੱਖਣੀ ਕੋਈ ਘੜੀ ਨਹੀਂ ਹੈ। ਹਰ ਘੜੀ, ਪਲ, ਛਿਣ ਸਮੁੱਚੀ ਕਾਇਨਾਤ ਦਾ ਕੋਈ ਨਾ ਕੋਈ ਹਾਲ ਹੁੰਦਾ ਹੈ। ਇਹ ਹਾਲ ਕਿਸੇ ਤਰ੍ਹਾਂ ਦਾ ਵੀ ਹੋ ਸਕਦਾ ਹੈ।

ਹਾਲ ਦੇ ਸ਼ਬਦੀ ਮਾਇਨੇ 'ਚ ਵਰਤਮਾਨ, ਦਸ਼ਾ, ਹਾਲਤ, ਬਿਰਤਾਂਤ, ਹਾਲੋ-ਬੇਹਾਲ, ਹੈਸੀਅਤ, ਤੌਰ-ਤਰੀਕਾ, ਜ਼ਿਕਰ, ਵਰਣਨ, ਮਾਮਲਾ, ਪ੍ਰੇਮ, ਮਸਤੀ, ਵਜਦ ਦੀ ਹਾਲਤ, ਵਜਦ ਵਿੱਚ ਆਉਣਾ, ਵਜਦ, ਰੱਬੀ ਪ੍ਰੇਮ ਦਾ ਜੋਸ਼, ਹਾਲ ਪੈਣਾ, ਇਸ਼ਕ ਦਾ ਹਾਲ, ਦਮ, ਤਾਕਤ, ਮਸਤੀ ਦਾ ਨਾਚ, ਦਮ ਦੀ ਹਾਲਤ, ਦਮ ਤੋੜਨ ਦੀ ਹਾਲਤ ਆਦਿ ਆਉਂਦੇ ਹਨ।

ਹਾਲ ਸਾਧਨਾ ਦੀ ਉੱਚ ਅਵਸਥਾ ਵੀ ਹੈ। ਸੂਫ਼ੀ ਸਾਧਕਾਂ ਨੂੰ ਰੱਬੀ ਮੁਰਸ਼ਦ-ਮੁਰੀਦੀ ਤੇ ਇਸ਼ਕ ਬੰਦਗੀ 'ਚ ਹਾਲ ਪੈਂਦੇ ਸਨ, ਜਦੋਂ ਸੂਫ਼ੀ ਆਪਣੇ-ਆਪ ਨੂੰ ਇਸ਼ਕ ਦੀ ਉੱਚ ਹਾਲਤ 'ਚ ਲੈ ਜਾਂਦੇ ਸਨ ਤਾਂ ਉਹ ਹਾਲ ਦੀ ਹਾਲਤ 'ਚ ਪੁੱਜ ਜਾਂਦੇ। ਸੂਫ਼ੀ ਫ਼ਕੀਰਾਂ ਦਾ ਮਸਤੀ 'ਚ ਆ ਕੇ ਨੱਚਣ ਜਾਂ ਧਮਾਲ ਪਾਉਣ ਦਾ ਆਰੰਭ ਮੌਲਾਨਾ ਰੂਮੀ ਤੇ ਸ਼ਮਸ ਤਬਰੇਜ਼ ਤੋਂ ਮੰਨਿਆ ਜਾਂਦਾ ਏ। ਸ਼ਮਸ ਤੋਂ ਫ਼ਕੀਰੀ ਦੀ ਉੱਚ ਹਾਲਤ ਨੂੰ ਹਾਸਲ ਕਰਕੇ ਰੂਮੀ ਅੰਦਰ ਜੋ ਇਸ਼ਕ ਦਾ ਬੀਜ ਜਦੋਂ ਭਾਂਬੜ ਬਣ ਕੇ ਪ੍ਰਗਟ ਹੋਇਆ ਤਾਂ ਅਸਲ 'ਚ ਉਹੀ ਧਮਾਲ ਦੀ ਸਥਿਤੀ ਏ। ਉਸ ਹਾਲਤ 'ਚ ਧਮਾਲ ਦੀਆਂ ਜੋ ਰਮਜ਼ਾਂ ਇਹਨਾਂ ਫ਼ਕੀਰਾਂ ਦੇ ਨਾਚ 'ਚੋਂ ਪ੍ਰਗਟ ਹੁੰਦੀਆਂ ਹਨ ਉਹ ਬ੍ਰਹਮੰਡ ਦੇ ਨਾਦੀ ਤੇ ਅਨਾਦੀ ਸੁਰ ਨਾਲ ਨਿਰਗੁਣ ਤੇ ਸਰਗੁਣ ਦੋਵਾਂ ਰੂਪਾਂ 'ਚ ਮਾਣੀਆਂ ਜਾਂਦੀਆਂ ਨੇ, ਜਿਨਾਂ ਨੂੰ ਬਾਬਾ ਬੁੱਲ੍ਹੇ ਸ਼ਾਹ ਜੀ ਕਹਿੰਦੇ ਨੇ,

*ਬੁੱਲਿਆ ਰੱਬ ਤੈਥੋਂ ਵੱਖ ਨਹੀਂ, ਤੈਨੂੰ ਤਾਹੀਓ ਦੇਂਦਾ ਦੱਖ ਨਹੀਂ,*
*ਤੇਰੀ ਵੇਖਣ ਵਾਲੀ ਅੱਖ ਨਹੀਂ।।*[8]

ਇਹਨਾਂ ਸੂਫ਼ੀਆਂ ਦੀ ਅੱਖ ਸਿਰਫ਼ ਤੇ ਸਿਰਫ਼ ਆਪਣੇ ਰੱਬ, ਇਸ਼ਕ ਅਤੇ ਮੁਹੱਬਤ ਨੂੰ ਵੇਖਦੀ ਹੈ। ਰੋਮ-ਰੋਮ ਤੋਂ ਲੈ ਕੇ ਸਮੁੱਚੇ ਬ੍ਰਹਮੰਡ ਤੱਕ ਇਸ਼ਕ ਹੀ ਇਸ਼ਕ ਹੈ। ਹਾਲ ਹਵਾਲ ਦੀ ਸਰੀਰੀ ਅਰਬੀ ਦੀ ਪ੍ਰਸਿੱਧ ਉਕਤੀ ਲਾਹੌਲ ਵਿੱਲਾ ਕੁਵੱਤ ਨਾਲ ਵੀ ਹੈ। ਅਰਬੀ ਦਾ ਪੂਰਾ ਵਾਕ ਹੈ ਲਾ ਹੌਲ ਵਾ ਲਾ ਕੁਵੱਤਾ ਇੱਲਾ ਬੀ ਅਲਾਹ ਅਰਥਾਤ ਰੱਬ ਦੀ ਮਰਜ਼ੀ ਤੋਂ ਬਿਨਾਂ ਇੱਕ ਪੱਤਾ ਵੀ ਨਹੀਂ ਹਿੱਲਦਾ। ਇੰਝ ਹਾਲ ਦੀ ਹਾਲਤ ਨੂੰ ਸਮਝਿਆ ਜਾ ਸਕਦਾ ਏ। ਹਰ ਸ਼ਬਦ ਦਾ ਆਪਣਾ ਇੱਕ ਇਤਿਹਾਸ ਏ। ਸ਼ਬਦ ਦੀ ਘਾੜਤ ਉਸ ਵੇਲੇ ਤੇ ਹਾਲਤ 'ਚ ਹੁੰਦੀ ਹੈ। ਹਾਲ ਤੋਂ ਸੱਖਣੀ ਕੋਈ ਘੜੀ ਨਹੀਂ। ਇਸ ਹਾਲ ਦੀ ਵਰਤੋਂ ਗੁਰਬਾਣੀ 'ਚ ਇੰਝ ਮਿਲਦੀ ਏ,

- *ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥ ਏਰੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲ ॥39॥*[9]
- *ਬੇਗੁਨਾਹਾਂ ਏਰ ਮਾਰੀਐ ਗੁਨਾਹਾ ਦਾ ਕਿਆ ਹਾਲ।।*[10]
- *ਹਰਿ ਬਿਸਰਤ ਹੋਵਤ ਏਰ ਹਾਲ।।੨੯੯।।*[11]
- *ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨੋ ਹਾਲ।।੮੨੮।।*[12]
- *ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ।।੧੩੭੭।।*[13]
- *ਹਾਲਿ ਫਿਰਦਾ ਕਿਤੈ ਹਾਲਿ ਜਾ ਡਿਠਮੁ ਤਾ ਮਨੁ ਧ੍ਰਾਪਿਆ।।੧੦੯੬-੯੭।।*[14]

- *ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।।*[15]

ਇਹ ਹਾਲ ਕੋਈ ਸਧਾਰਨ ਹਾਲ ਨਹੀਂ। ਇਹ ਹਾਲ ਜਿਹੋ-ਜਿਹਾ ਵੀ ਏ ਹੁਸੈਨ ਓਸ ਨੂੰ "*ਹਾਲ ਦਾ ਮਹਿਰਮੁ ਤੂੰ*" ਕਹਿ ਕੇ ਵਡਿਉਂਦਾ ਏ। ਮਹਿਰਮੁ ਦਿਲ ਦਾ ਰਾਜ਼ਦਾਰ, ਦਿਲ ਦਾ ਭੇਤ, ਹਾਲ,ਮਾਮਲਾ ਜਾਨਣ ਵਾਲਾ। ਹਰ ਘੜੀ ਪਲ,ਛਿਣ ਦਾ ਮਹਿਰਮੁ। ਦਿਲ ਦਾ ਹਾਲ ਤਾਂ ਸਾਰਿਆਂ ਨਾਲ ਸਾਂਝਾ ਨਹੀਂ ਹੁੰਦਾ। ਇਹੋ-ਜਿਹੀ ਸਾਂਝ ਕਿਸੇ ਵਿਰਲੇ ਨਾਲ ਹੀ ਹੁੰਦੀ ਏ ਕਿਉਂ ਜੋ ਮਹਿਰਮੁ ਹੋਣ ਵੀ ਸੁਖਾਲਾ ਨਹੀਂ। ਦੋਵਾਂ ਪਾਸਿਆਂ ਦੀ ਪ੍ਰੀਤ, ਪ੍ਰੇਮ, ਪਿਆਰ, ਮੁਹੱਬਤ ਤੇ ਇਸ਼ਕ ਵਾਲਾ ਹੀ ਮਹਿਰਮੁ ਦੇ ਅਸਲ ਨੂੰ ਜਾਣ ਸਕਦਾ ਏ। ਪਰ ਵਿਚਾਰਨਯੋਗ ਏ ਕਿ ਹੁਸੈਨ ਨੇ ਇੱਥੇ ਰੱਬ ਨੂੰ ਵੀ ਰੱਬ ਨਹੀਂ ਰਹਿਣ ਦਿੱਤਾ। ਉਸ ਨੇ ਰੱਬ ਨੂੰ ਵੀ ਆਪਣਾ ਮਹਿਰਮੁ ਬਣਾ ਲਿਆ। ਇਕ ਵਾਰ ਰਹਾਉ ਦੁਬਾਰਾ ਪੜੀਏ, "*ਰੱਬਾ ਮੇਰੇ ਹਾਲ ਦਾ ਮਹਿਰਮੁ ਤੂੰ*" ਇਸ ਨੂੰ ਇੱਕ ਵਾਰ ਇੰਝ ਪੜੀਏ "*ਰੱਬਾ ਮਹਿਰਮੁ ਤੂੰ*" ਕਿੰਨਾ ਹਾਜ਼ਰ-ਨਾਜ਼ਰ ਕਰ ਦਿੱਤਾ ਹੁਸੈਨ ਨੇ ਰੱਬ ਨੂੰ । ਐਨਾ ਕਰੀਬ, ਨੇੜੇ, ਕੋਲ,ਪਾਸ ਲੈ ਆਇਆ ਰੱਬ ਨੂੰ ਕਿ ਉਹ ਮਹਿਰਮੁ ਬਣ ਗਿਆ ਤੇ ਜਦੋਂ ਮਹਿਰਮੁ ਬਣਿਆ ਤਾਂ "*ਤੂੰ*" ਪ੍ਰਗਟ ਹੋ ਗਈ। ਹਾਲ ਦਾ ਇਹ ਸਾਰਾ ਸਫ਼ਰ ਜਿਹੜਾ ਹੁਸੈਨ ਨੇ ਤੈਅ ਕੀਤਾ "*ਮੈਂ ਤੋਂ ਤੂੰ*" ਤੱਕ ਦਾ ਹੈ। ਹੁਣ ਹਾਲ ਵੀ ਮੇਰਾ ਨਹੀਂ ਰਿਹਾ "*ਤੂੰ*" ਦਾ ਹੋ ਗਿਆ,ਕਿਉਂ ਜੋ "*ਮੈਂ*" ਵੀ ਨਹੀਂ ਰਹੀ। ਮੈਂ ਵੀ ਤੂੰ ਤੇ ਤੂੰ ਵੀ ਮੈਂ। ਦੋਵੇਂ ਇੱਕ 'ਚ ਸਮਾਅ ਗਏ। ਹਸੈਨ ਫ਼ਕੀਰ ਨੇ ਹੋਰ ਕਾਫ਼ੀਆਂ 'ਚ ਵੀ ਮਹਿਰਮੁ ਦਾ ਜ਼ਿਕਰ ਕੀਤਾ ਏ। ਜਿਵੇਂ,

- *ਗਹਿਲਾ ਲੋਕ ਨਾ ਹਾਲ ਦਾ ਮਹਿਰਮੁ, ਬਿਰਹੋ ਲਗਾਈ ਕਾਨੀ।।*[16]
- *ਛਿਲਤ ਪੁੜੀ ਤਨ ਰਾਂਝਣ ਵਾਲੀ, ਮਹਿਰਮੁ ਹੋਇ ਸੋਈ ਪੁੱਟੇ।।*[17]
- *ਤਿਸੁ ਦਰਵਾਜ਼ੇ ਮਹਿਰਮੁ, ਨਾਹੀ ਜਿਸ ਸ਼ਹੁ ਆਵੇ ਜਾਇ।।*[18]
- *ਸਾਲੂ ਮੇਰਾ ਆਲ ਦਾ, ਕੋਈ ਮਹਿਰਮੁ ਨਾਹੀ ਹਾਲ ਦਾ, ਕਿਸ ਪੈ ਆਖਾ ਜਾਇ।।*[19]
- *ਘੋਲੀ ਵੰਞਾ ਸਾਈਂ ਤੈਥੋਂ, ਹਾਲ ਅਸਾਡੇ ਦੇ ਮਹਿਰਮੁ ਸੱਜਣਾ।।*[20]
- *ਤਨ ਦੀਆਂ ਤਨ ਜਾਣੇ ,ਮਨ ਦੀਆਂ ਮਨ ਜਾਣੇ, ਮਹਿਰਮੁ ਹੋਇ ਸੋ ਦਿਲ ਦੀਆਂ ਬੁੱਝਦਾ।।*[21]

ਇਹ ਪੰਧ ,ਰਸਤਾ, ਰਾਹ, ਸਫ਼ਰ, ਪੈਂਡਾ, ਅਤਿ ਕਠਿਨ ਏ ਪਰ ਹੁਸੈਨ ਨੇ ਇਸ ਨੂੰ ਸੁਖਾਲਾ ਕਰ ਦਿੱਤਾ। ਇਸ ਸੌਖਤ ਲਈ ਉਸ ਨੇ ਪਹਿਲਾਂ ਰੱਬ ਨਾਲ ਸਿੱਧਾ ਰਾਬਤਾ ਕਾਇਮ ਕੀਤਾ। ਫਿਰ ਹਰ ਹਾਲ,ਘੜੀ, ਪਲ, ਛਿਣ 'ਚ ਪ੍ਰਗਟ ਕਰਕੇ ਮਹਿਰਮੁ ਬਣਾਇਆ ਤੇ "*ਤੂੰ*" ਪ੍ਰਗਟ ਕੀਤੀ। ਇਹ "*ਤੂੰ*" ਹੀ ਹੈ ਜਿਹੜੀ ਉੱਚਿਆਂ ਨੂੰ ਵੰਗਾਰਦੀ ਤੇ ਢਹਿ-ਢੇਰੀ ਕਰਦੀ ਏ।

ਹੁਣ ਇੱਕ ਨਜ਼ਰ ਦੂਜੇ ਪਾਸੇ ਮਾਰੀਏ, ਜਿਹੜੇ ਉੱਚ ਮੇਲ ਨੇ ਰੱਬ ਤੇ ਰੱਬੀ ਘਾੜਤਾਂ ਘੜੀਆਂ ਹੋਈਆਂ ਨੇ, ਹੇਠਲਿਆਂ ਦੇ ਮੇਲ ਨੂੰ ਗੁਮਰਾਹ ਕਰਨ ਲਈ। ਉਹਨਾਂ ਦਾ ਹਾਲ ਬੇਹਾਲ ਕਰਨ ਲਈ। ਕੋਈ ਉਹਨਾਂ ਦਾ ਮਹਿਰਮੁ ਨਾ ਬਣ ਸਕੇ, ਇਸ ਲਈ ਰੱਬ ਵੀ ਹੇਠਲੇ ਮੇਲ ਤੋਂ ਉੱਚਾ ਘੜ ਕੇ ਸਵਰਗ ਤੇ ਜੰਨਤ ਵਿੱਚ ਕੈਦ ਕਰ ਲਿਆ ਤੇ ਉਸ ਦਾ ਵਾਸ ਸੱਤਵੇਂ ਅਸਮਾਨ 'ਤੇ ਕਰਵਾ ਕੇ ਆਪ ਹੇਠਾਂ ਵਕਾਲਤ ਕਰਨ ਲਈ ਬੈਠ ਗਿਆ। ਪੰਡਿਤ, ਪ੍ਰੋਹਿਤ, ਮੁੱਲਾ, ਮੌਲਵੀਂ ਦਾ ਰੱਬ ਤਾਂ ਕਦੀ ਮਹਿਰਮੁ ਨਹੀਂ ਹੋ ਸਕਦਾ। ਕਿਉਂ ਜੋ ਉਹ ਆਪ ਰੱਬ ਉੱਤੇ ਮੱਲ ਮਾਰ ਕੇ ਬੈਠ ਗਏ। ਉਹਨਾਂ ਦਾ ਰੱਬ ਭੇਖ, ਅਡੰਬਰ, ਕਰਮਕਾਂਡ ਆਦਿ 'ਤੇ ਉਸਰਿਆ ਹੋਇਆ ਹੈ। ਉੱਚਿਆਂ ਦਾ ਕਰਮਕਾਂਡੀ ਰੱਬ ਹੇਠਲਿਆਂ ਦੀ ਸਾਰ ਨਹੀਂ ਲੈਂਦਾ ਤੇ ਨਾ ਹੀ ਲੈ ਸਕਦਾ ਹੈ ਕਿਉਂ ਜੋ ਉਹ "*ਮੈਂ*" ਨਾਲ ਭਰਿਆ ਹੋਇਆ ਦਾ ਹੈ। "*ਤੂੰ*" ਉਹਨਾਂ ਨੂੰ ਨਹੀਂ ਭਾਉਂਦੀ, ਕਿਉਂਕਿ "*ਤੂੰ*" ਖੁਦੀ ਨੂੰ ਮਾਰ ਦਿੰਦੀ ਏ। "*ਮੈਂ*" ਨਹੀਂ ਰਹਿੰਦੀ। ਪਰ ਧਰਮ ਦੇ ਠੇਕੇਦਾਰਾਂ ਦੀ ਇਹ "*ਮੈਂ*" ਹੀ ਉਹਨਾਂ ਨੂੰ ਮਹਿਰਮੁ ਬਣਨ ਤੋਂ ਰੋਕਦੀ ਏ। ਇਸ ਲਈ ਉਹ ਅਸਲ ਤੇ ਅਮਲ ਤੋਂ ਸੱਖਣੇ ਨੇ। ਉਹਨਾਂ ਨੇ ਭਰਮ ਸਿਰਜਿਆ ਹੋਇਆ ਏ ਕਿ ਉਹ ਰੱਬ ਨੂੰ ਇਮਾਰਤ "ਚ ਕੈਦ ਕਰਨ 'ਚ ਸਫ਼ਲ ਹੋ ਚੁੱਕੇ ਨੇ, ਪਰ ਹੁਸੈਨ ਨੇ ਰੱਬ ਨੂੰ ਆਜ਼ਾਦ ਹੀ ਨਹੀਂ ਕਰਵਾਇਆ, ਸਗੋਂ ਮਹਿਰਮੁ ਬਣਾ ਕੇ ਉਸ ਨੂੰ ਅੰਦਰ-ਬਾਹਰ,ਹਰ ਥਾਂ ਅਤੇ ਸ਼ੈ 'ਚ ਪ੍ਰਗਟ ਕਰ ਦਿੱਤਾ। ਜਿਵੇਂ,

*ਅੰਦਰਿ ਤੂੰ ਏ ਬਾਹਰਿ ਤੂੰ ਏ, ਰੋਮ ਰੋਮ ਵਿਚਿ ਤੂੰ।*

ਜਦੋਂ ਰੱਬ ਤੇ ਮਹਿਰਮੁ ਦਾ ਭੇਦ ਮਿਟ ਕੇ "*ਤੂੰ*" 'ਚ ਤਬਦੀਲ ਹੋ ਗਿਆ ਤਾਂ ਹਾਲ 'ਚ ਹੋਰ ਵੀ ਤਬਦੀਲੀ ਆਈ। ਹੁਣ ਇਹ ਹਾਲ ਮਸਤੀ, ਫ਼ਕੀਰੀ, ਵਜਦ ਦੀ ਹਾਲਤ 'ਚ ਆ ਕੇ ਅੰਦਰ ਬਾਹਰ ਹੋਣ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਰੋਮ ਰੋਮ ਤਾਈਂ ਸਮਾਅ ਗਿਆ। ਇਹੀ ਫ਼ਨਾਅ ਦੀ ਉਹ ਹਾਲਤ ਏ ਜਿਸ 'ਚ ਸੂਫ਼ੀ ਫ਼ਕੀਰ ਨੱਚਦੇ ਤੇ ਧਮਾਲ ਪਾਉਂਦੇ ਨੇ। ਫ਼ਨਾਅ ਦੀ ਇਹ ਧਮਾਲ ਜਿਸ 'ਚ ਫ਼ਕੀਰ ਸਮੁੱਚੇ ਬ੍ਰਹਿਮੰਡ ਨਾਲ ਆਪਣੇ-ਆਪ ਨੂੰ ਇਸ਼ਕ ਦੀ ਸੁਰ ਵਿੱਚ ਜੋੜ ਲੈਂਦੇ ਨੇ। ਸੂਫ਼ੀਆਂ ਦੀ ਇਹ ਧਮਾਲ ਜਦੋਂ ਉਹਨਾਂ ਦੇ ਰੋਮ-ਰੋਮ 'ਚ ਪ੍ਰਗਟ ਹੁੰਦੀ ਏ ਤਾਂ ਪੂਰੀ ਕਾਇਨਾਤ ਦੇ ਨਾਦੀ-ਅਨਾਦੀ ਸੁਰ ਸੰਗੀਤ ਨੂੰ ਉਹ ਆਪਣੇ ਅੰਦਰੋਂ-ਬਾਹਰੋਂ ਇੱਕ ਜਾਣਦੇ ਨੇ। ਉਹਨਾਂ ਦੀ ਇਹ ਇਕਮਿੱਕਤਾ ਹੀ ਉਹਨਾਂ ਦੇ ਇਸ਼ਕ ਦੀ ਇੰਤਹਾਂ ਏ। ਇਸ ਇਸ਼ਕ ਦੀ ਇੰਤਹਾਂ 'ਚ ਉਹਨਾਂ ਨੂੰ ਸਭ ਕੁਝ ਵਿਸਰ ਜਾਂਦਾ ਏ। ਹਾਲ ਦੀ ਇਹ ਅਵਸਥਾ ਰੋਮ-ਰੋਮ 'ਚ *ਤੂੰ-ਤੂੰ* ਦੀ ਸੁਰ ਦਾ ਨਾਦ ਛੇੜਦੀ ਏ, ਜਿਸ 'ਚ ਫ਼ਕੀਰ ਫ਼ਨਾਅ ਨੂੰ ਹਾਸਿਲ ਕਰਦਾ ਹੈ। ਫ਼ਨਾਅ ਹਾਲ 'ਚੋਂ ਹੀ "ਤੂੰ" ਦੀ ਸਮੁੱਚੀ ਬਣਤਰ ਤੇ ਬੁਣਤਰ ਦਾ ਡੂੰਘਾ ਅਹਿਸਾਸ ਜਦੋਂ ਹੁਸੈਨ ਨੂੰ ਹੋਇਆ ਤਾਂ ਆਪਣੇ-ਆਪੇ ਦੀ ਹੋਰ ਨਫ਼ੀ ਕਰਦਾ ਏ,

*ਤੂੰ ਏ ਤਾਣਾ ਤੂੰ ਏ ਬਾਣਾ, ਸਭ ਕਿਛੁ ਮੇਰਾ ਤੂੰ।*

ਹੁਸੈਨ ਇਥੇ ਚਰਖੇ ਦੀ ਕਾਰੀ ਰਾਹੀਂ ਸਿਰਜਣਾ ਦੇ ਅਮਲ ਨਾਲ ਵਾਕਫੀ ਕਰਵਾਉਂਦਾ ਏ। ਸਿਰਜਣਾ ਦਾ ਇਹ ਅਮਲ ਸਮੁੱਚੀ ਸ੍ਰਿਸ਼ਟੀ, ਕਾਇਨਾਤ ਤੇ ਬ੍ਰਹਿਮੰਡ 'ਚ ਹਰ ਹਾਲ ਭਾਵ ਘੜੀ, ਪਲ, ਛਿਣ 'ਚ ਵਾਪਰਦਾ ਰਹਿੰਦਾ ਏ। ਇਹਨਾਂ ਘੜੀਆਂ ਪਲਾਂ ਦੀ ਹਾਲਤ 'ਚ ਸਿਰਜਿਆ ਜਾਂ ਘੜਿਆ ਗਿਆ ਹਰ ਅਮਲ ਅਸਲ 'ਚ ਕਾਇਨਾਤੀ ਇਸ਼ਕ 'ਚੋਂ ਗੁਜ਼ਰਦਾ ਏ। ਹਰ ਘੜੀ ਪ੍ਰਕਿਰਤੀ ਦੇ ਤਾਣੇ-ਪੇਟੇ ਦੇ ਅਮਲ 'ਚ ਇਸ਼ਕ ਨਾਲ ਭਰੀ ਪਈ ਏ, ਜਿਹੜੀ ਆਪਣਾ ਰੂਪ ਬਦਲਦੀ ਰਹਿੰਦੀ ਏ। ਰੂਪ ਦਾ ਇਹੀ ਬਦਲਾਅ ਅਸਲ 'ਚ ਹੁਸੈਨ ਨੇ ਤਾਣੇ-ਬਾਣੇ ਦੀ ਰਮਜ਼ ਰਾਹੀਂ ਖੋਲਿਆ।

ਰੂੰ ਤੋਂ ਤਿਆਰ ਕੀਤੇ ਧਾਗੇ ਨੂੰ ਜਦੋਂ ਕੱਪੜਾ ਉਣਨ ਲਈ ਖੱਡੀ ਉੱਤੇ ਤਾਣੇ-ਬਾਣੇ ਲਈ ਚੜਾਇਆ ਜਾਂਦਾ ਏ ਤਾਂ ਉਸਾਰੀ ਸ਼ੁਰੂ ਹੁੰਦੀ ਹੈ। ਜਿਹੋ-ਜਿਹਾ ਧਾਗਾ, ਤਾਣਾ, ਬਾਣਾ, ਖੱਡੀ ਹੋਏਗੀ ਉਹੋ-ਜਿਹਾ ਕੱਪੜਾ ਤਿਆਰ ਹੋਵੇਗਾ। ਰੂੰ ਤੋਂ ਧਾਗਾ ਤੇ ਧਾਗੇ ਤੋਂ ਤਾਣੇ ਬਾਣੇ ਦੀ ਰਮਜ਼ ਨੂੰ ਹੁਸੈਨ ਨੇ ਇੱਥੇ ਬੰਦੇ ਦੇ ਅਮਲ, ਕਰਮ, ਕੰਮ ਆਦਿ ਲਈ ਵਰਤਿਆ। ਇਸ ਤੋਂ ਭਾਵ ਜਿਵੇਂ ਧਾਗੇ ਤੋਂ ਨਵੇਂ ਕੱਪੜੇ ਦੀ ਉਣਤੀ ਜਾਂ ਬੁਣਤੀ ਹੁੰਦੀ ਏ ਇਸੇ ਤਰ੍ਹਾਂ ਬੰਦੇ ਦੀ ਚੰਗੇ-ਮੰਦੇ ਅਮਲਾਂ ਰਾਹੀਂ ਵੀ ਨਵੀਂ ਜੂਨ ਘੜੀ ਜਾਂਦੀ ਏ। ਨਵੀਂ ਜੂਨ ਤੋਂ ਭਾਵ ਇਥੇ ਕਿਸੇ ਨਵੇਂ ਜਨਮ 'ਚ ਆਉਣ ਤੋਂ ਨਹੀਂ, ਸਗੋਂ "*ਜਿਉਂਦਿਆਂ*

*ਮਰ ਰਹੀਏ"*[22] ਤੋਂ ਹੈ। ਇਸੇ ਜ਼ਿੰਦਗੀ 'ਚ ਨਵਾਂ ਹੋਣਾ ਏ। ਆਪਣੇ –ਆਪੇ ਦੀ ਚੰਗੇ ਕਰਮਾਂ ਰਾਹੀਂ ਕਾਇਆ-ਕਲਪ ਆਪ ਹੀ ਕਰਨੀ ਏ, *"ਜੇ ਤੂੰ ਫਾਰਗ ਥੀਵੈਂ, ਤਾਂ ਖਾਸ ਮੁਰਾਤਬਾ ਪਾਵੇ "*[23] ਅਰਥਾਤ ਜੇਕਰ ਬੰਦਾ ਸਭ ਕੁਝ ਵਿਸਾਰ ਕੇ ਆਪਣੇ-ਆਪ ਨੂੰ ਇਸ਼ਕ 'ਚ ਲੈ ਆਵੇ ਤਾਂ ਨਵੀਂ ਜੂਨ ਭਾਵ *"ਤੂੰ"* ਵਾਲੀ ਹਾਲਤ ਵਿੱਚ ਆਏਗਾ। ਫਿਰ ਸਭ ਕੁਝ ਮੇਰਾ ਤੂੰ ਦਾ ਅਮਲ, ਅਮਲੀ ਪੱਧਰ 'ਤੇ ਹਾਸਲ ਹੋਵੇਗਾ। (ਬੰਦੇ ਦੀਆਂ ਸਰੀਰਕ ਆਂਦਰਾਂ ਦਾ ਤਾਣਾ-ਬਾਣਾ ਵੀ ਹੈ ਜਿਹੜਾ ਉਸ ਨੂੰ ਚਲਾਇਮਾਨ ਰੱਖਦਾ ਹੈ)।

ਇਹੀ ਬੰਦੇ ਦੇ ਕਰਮ ਦਾ ਅਮਲ ਏ। ਬੰਦਾ ਜਿਹੋ-ਜਿਹਾ ਕਰਮ, ਕੰਮ ਕਰੇਗਾ ਉਹੋ-ਜਿਹੀ ਉਹਦੀ ਘਾੜਤ ਹੋਵੇਗੀ। ਬੰਦੇ ਦੇ ਕਰਮ ਦਾ ਅਮਲ ਹੀ ਅਸਲ ਹੈ। ਇਹ ਅਸਲ ਨੂੰ ਜਾਨਣ ਲਈ ਮੈਂ, ਮੇਰਾ, ਆਦਿ 'ਚ ਨਿਕਲ ਕੇ ਸਭ ਕੁਝ "ਤੂੰ" ਵਾਲੇ ਭਾਵ 'ਚ ਆਉਣਾ ਪਏਗਾ, ਕਿਉਂ ਜੋ "*ਸਭ ਕੁਝ ਮੇਰਾ ਤੂੰ*" । ਇਥੇ ਸਮਰਪਣ ਭਾਵ ਹੈ। ਇਹ ਸਮਰਪਣ ਕਿਸੇ ਵਸਤ-ਵਰਤਾਰੇ ਵੱਲ ਨਹੀਂ, ਸਗੋਂ ਇਸ਼ਕ ਵਾਲੇ ਭਾਵ 'ਚ ਆ ਕੇ ਹੋਣਾ ਏ। ਹੁਸੈਨ ਇਸੇ ਭਾਵ ਨਾਲ ਭਰਿਆ ਪਿਆ ਏ, ਜਿਹੜਾ ਕਿ ਉਸ ਦੇ ਰੋਮ-ਰੋਮ ਵਿੱਚੋਂ ਪ੍ਰਗਟ ਹੋ ਰਿਹਾ ਹੈ। ਇਸ ਲਈ ਉਹ ਕਹਿ ਰਿਹਾ ਹੈ,

*ਕਹੈ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀ ਸਭ ਤੂੰ ।*

ਅਸਲ ਅਮਲ ਨੂੰ ਅਮਲੀ ਪੱਧਰ 'ਤੇ ਜੀਵਨ 'ਚ ਢਾਲਣ ਤੋਂ ਬਾਅਦ ਬੰਦਾ ਆਪਣੇ-ਆਪੇ ਦੀ ਉਸਾਰੀ ਇੱਕ ਨਵੀਂ ਜੂਨ ਤੋਂ ਕਰਦਾ ਏ। ਭਾਵ ਇਸ਼ਕ 'ਚ ਆਪਣੇ-ਆਪੇ ਨੂੰ ਲੈ ਕੇ ਆਉਂਦਾ ਏ ਤਾਂ ਉਸ ਦੇ ਸਾਰੇ ਤਗਾਂਦੇ (ਦੁਨਿਆਵੀਂ ਮਾਮਲੇ) ਮੁੱਕ ਜਾਂਦੇ ਨੇ। ਉਸ 'ਚ ਮੈਂ, ਮੇਰਾ, ਆਦਿ ਦੇ ਤਗਾਦਿਆਂ ਦਾ ਮੁੱਕਣਾ ਹੀ ਇਸ਼ਕ ਏ। ਇਸ ਲਈ ਹੁਸੈਨ ਜ਼ਿਕਰ ਕਰਦਾ ਏ, *"ਮੈਂ ਨਾਹੀ ਸਭ ਤੂੰ"* ਇੱਥੇ ਇੱਕ ਹੋਰ ਵਿਚਾਰ ਯੋਗ ਰਮਜ਼ ਏ ਕਿ ਹੁਸੈਨ ਫ਼ਕੀਰ ਤਿੰਨ ਵਾਰ ਮੇਰੇ, ਮੇਰਾ, ਤੇ ਮੈਂ ਨੂੰ ਸਾਹਮਣੇ ਲੈ ਕੇ ਆਇਆ। "*ਮੇਰੇ ਹਾਲ ਦਾ ਮਹਿਰਮੁ ਤੂੰ, ਸਭ ਕੁਝ ਮੇਰਾ ਤੂੰ ਤੇ ਮੈਂ ਨਾਹੀਂ ਸਭ ਤੂੰ*" ਇਹਨਾਂ ਦਾ ਅਖੀਰ ਉਸ ਨੇ *"ਤੂੰ"* ਨਾਲ ਕੀਤਾ। ਮੇਰੇ, ਮੇਰਾ, ਮੈਂ, ਨੂੰ *"ਤੂੰ"* ਦੇ ਵਿੱਚ ਅਭੇਦ ਕੀਤਾ। ਇਹ ਹੁਸੈਨ ਕਾਵਿ ਦੀ ਸਿਖ਼ਰ ਏ ਕਿ ਮੇਰੇ, ਮੇਰਾ, ਮੈਂ, ਕੁਝ ਨਹੀਂ ਸਿਰਫ਼ *ਤੂੰ* ਦੀ ਸੁਰ ਇਥੇ ਉੱਚੀ ਸੁਣਾਈ ਦਿੰਦੀ ਏ ਜੋ ਰੱਬੀ ਇਸ਼ਕ ਦਾ ਅਸਲ ਅਮਲ ਏ, ਜਿਹੜੀ ਰੱਬ ਨੂੰ ਵੀ ਬੰਦੇ ਦਾ ਮਹਿਰਮੁ ਬਣਾਉਣ ਦੀ ਮਰਜ਼ ਦਿੰਦੀ ਹੈ।

ਆਪਣੇ-ਆਪੇ ਦੀ ਉਸਾਰੀ ਕਰਨ ਤੋਂ ਬਾਅਦ ਜਦੋਂ "ਤੂੰ" ਦਾ ਗਿਆਨ ਹੋਰ ਡੂੰਘਾ, ਗਹਿਰਾ, ਗੂੜ੍ਹਾ ਹੋ ਗਿਆ ਤਾਂ ਅੰਦਰ ਦੀ ਨਫ਼ੀ ਹੋ ਗਈ। *"ਮੈਂ" ਨਾਹੀਂ ਸਭ "ਤੂੰ"*। ਇੱਥੇ *"ਮੈਂ"* ਮਿਟ ਗਈ ਤੇ ਸਭ ਕੁਝ *"ਤੂੰ"* ਹੋ ਗਿਆ। ਇਹ 'ਤੂੰ' ਹੀ ਹੈ ਜਿਹੜੀ ਫਿਰ ਜਾ ਕੇ ਰੱਬ ਨਾਲ ਜੁੜ ਮਹਿਰਮੁ 'ਚ ਸਮਾਅ ਜਾਂਦੀ ਏ। ਇਸ ਲਈ "*ਮੈਂ ਨਾਹੀ ਸਭ ਤੂੰ*" ਦਾ ਹੀ ਸੁਰ ਗੂੰਜਦਾ ਏ। ਹੁਸੈਨ ਦੇ ਇਸ਼ਕ ਦਾ ਇਹ ਅਮਲ ਅਸਲ 'ਚ ਵਿਯੋਗੇ ਹੋਏ ਬੰਦੇ ਦੇ ਅੰਦਰ "*ਤੂੰ*" ਰਾਹੀਂ ਇੱਕ ਨਵੀਂ ਰੂਹ ਫੂਕਦਾ ਏ। ਬੰਦੇ ਦੀ *"ਮੈਂ"* ਮੁਕਾ ਕੇ ਉਸ ਨੂੰ ਇੱਕ ਨਵਾਂ ਜੀਅ ਬਣਾਉਂਦਾ ਏ। ਪਰ ਇਹ ਬਣਦਾ ਉਦੋਂ ਏ ਜਦੋਂ ਉਸ ਦੇ ਅੰਦਰ "*ਤੂੰ-ਤੂੰ* "ਦੀ ਸੁਰ ਨਿਰੰਤਰ ਚਲਦੀ ਰਹਿੰਦੀ ਹੈ।

ਇਸ ਨੂੰ ਅੱਜ ਦੇ ਦੌਰ ਨਾਲ ਜੋੜ ਕੇ ਵੇਖੀਏ ਤਾਂ ਆਧੁਨਿਕ ਵੇਲੇ 'ਚ ਆਉਂਦੇ-ਆਉਂਦੇ ਬੰਦੇ ਨੇ ਆਪਣੀ ਬੌਧਿਕਤਾ ਰਾਹੀਂ ਵਿਗਿਆਨਿਕ ਯੁੱਗ 'ਚ ਵਿਗਿਆਨ ਦੀ ਪੱਧਰ 'ਤੇ ਜੋ ਵਿਕਾਸ ਕੀਤਾ ਉਸ ਦਾ ਦੂਸਰਾ ਪਾਸਾ ਬੰਦੇ ਲਈ ਮਾਰੂ ਵੀ ਸਾਬਤ ਹੋਇਆ ਹੈ, ਜਿਸ ਕਾਰਨ ਬੰਦਾ ਅੱਜ 21ਵੀਂ ਸਦੀ 'ਚ ਇੱਕਲਾਪੇ, ਇਕੱਲੇਪਨ, ਡਿਪਰੈਸ਼ਨ ਆਦਿ ਦਾ ਸ਼ਿਕਾਰ ਹੋਇਆ। ਚਕਾਚੌਂਧ ਦੀ ਦੁਨੀਆਂ 'ਚ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਨ ਤੇ ਦੇਸ਼ ਤੋਂ ਵਿਦੇਸ਼ ਤੱਕ ਦੀ ਵਜੂਦੀ ਭਾਜੜ ਨੇ ਬੰਦੇ ਨੂੰ ਧੁਰ ਅੰਦਰੋਂ ਤੋਂ ਖੋਰਾ ਲਾਇਆ ਏ। ਇਹ ਖੋਰਾ ਉਸ ਦੇ ਮੈਂ, ਮੇਰਾ, ਮੇਰੇ ਦੀ ਭਾਜੜ 'ਚੋਂ ਹੀ ਲੱਗਿਆ, ਜਿਸ ਦਾ ਸੰਤਾਪ ਹਰ ਜੀਅ ਭੋਗਦਾ ਤੇ ਹੰਡਾਉਂਦਾ ਏ।

ਇਹ ਸਮੁੱਚੀ ਕਾਫ਼ੀ ਰੱਬੀ ਇਸ਼ਕ ਦੇ ਸਮਰਪਣ ਭਾਵ ਨਾਲ ਭਰੀ ਪਈ ਏ। ਰੱਬ ਘੜਿਆ-ਘੜਾਇਆ, ਬਣਿਆ-ਬਣਾਇਆ ਰੂੜੀਵਾਦੀ ਨਹੀਂ। ਇੱਥੇ ਅਮੂਰਤ ਰੱਬ ਨੂੰ ਮਹਿਰਮੁ ਦੇ ਰੂਪ 'ਚ ਤਬਦੀਲ ਕਰਕੇ ਪ੍ਰਗਟ ਕੀਤਾ ਗਿਆ, ਜਿਹੜਾ ਪੁਰਾਣੀਆਂ ਰੂੜ ਤੇ ਕਰੂਰ ਹੋ ਚੁੱਕੀਆਂ ਰੱਬੀ ਰੀਤਾਂ ਦਾ ਖੰਡਨ ਕਰਦਾ ਹੈ। ਰੱਬ ਨੂੰ ਉੱਚਿਆਂ ਦੇ ਮੇਲ 'ਚੋਂ ਕੱਢ ਕੇ ਸਭ ਲਈ ਇੱਕ ਹੀ ਕਰ ਦਿੱਤਾ, ਜਿਸ ਨੂੰ ਬਾਬਾ ਨਾਨਕ ਜੀ ਵੀ *ਇੱਕ ਓਂਕਾਰ* ਦੱਸਦੇ ਹਨ। ਸਦੀਆਂ ਪੁਰਾਣੀ ਰੱਬੀ ਇਮਾਰਤ ਨੂੰ ਹੁਸੈਨ ਫ਼ਕੀਰ ਨੇ ਰੱਬੀ ਇਸ਼ਕ ਰਾਹੀਂ ਢਾਹ ਲਾਈ। ਇੱਕ ਸਰਬਸਾਂਝੇ ਰੱਬ ਦਾ ਹੋਕਾ ਦਿੱਤਾ। "ਤੂੰ" ਨੂੰ ਵੰਗਾਰ ਬਣਾ ਕੇ ਪੇਸ਼ ਕੀਤਾ। ਇਹ "ਤੂੰ" ਹਰ ਤਰਾਂ ਦੀਆਂ ਸਦੀਆਂ ਪੁਰਾਣੀਆਂ ਰੀਤਾਂ ਨੂੰ ਖੋਰਾ ਲਾਉਂਦੀ ਏ। ਕਿਉਂ ਜੋ ਬਾਦਸ਼ਾਹੀਆਂ, ਰਾਜਸ਼ਾਹੀਆਂ ਤੇ ਧਰਮ ਦੇ ਠੇਕੇਦਾਰਾਂ ਦਾ ਰੱਬ ਕਦੀ ਕਿਸੇ ਦਾ ਮਹਿਰਮੁ ਨਹੀਂ ਹੋ ਸਕਦਾ ਤੇ ਨਾ ਉਹ ਆਪ ਕਿਸੇ ਦੇ ਮਹਿਰਮੁ ਹੋ ਸਕਦੇ ਨੇ, ਕਿਉਂ ਜੋ ਉਹ ਕਿਸੇ ਦਾ ਹਾਲ ਜਾਨਣ ਜੋਗਰੇ ਨਹੀਂ। ਉਹ ਸਿਰਫ਼ ਮੰਦਰ-ਮਸਜਿਦ ਦੀ ਚਾਰ ਦੀਵਾਰੀ ਦੇ ਵਾਸੀ ਨੇ। ਉਸ ਨੂੰ ਕਿਸੇ ਤਰਾਂ ਵੀ ਉੱਚਿਆਂ ਦੇ ਤਾਣੇ-ਬਾਣੇ 'ਚੋਂ ਬਦਲਿਆ ਨਹੀਂ ਜਾ ਸਕਦਾ ਇਸ ਲਈ ਉਥੇ ਸਿਰਫ਼ ਉੱਚੇ-ਉੱਚੇ ਹੀ ਹਨ। ਸੁਲਤਾਨ ਬਾਹੂ ਇਸ ਨੂੰ ਇੰਝ ਵਿਚਾਰਦੇ ਨੇ,

*ਮਜ਼ਬਾਂ ਦੇ ਦਰਵਾਜੇ ਉੱਚੇ, ਰਾਹ ਰਬਾਣਾ ਮੋਰੀ ਹੂ,*
*ਪੰਡਤਾਂ ਤੇ ਮੁਲਵਾਣਿਆਂ ਕੋਲੋ,ਲੁਕ ਲੁਕ ਲੰਘੀਏ ਚੋਰੀ ਹੂ।*[24]

*'ਤੂੰ'* ਦਾ ਭਾਵ ਉਥੇ ਪ੍ਰਗਟ ਨਹੀਂ ਹੋ ਸਕਦਾ, ਪਰ ਹੁਸੈਨ ਫ਼ਕੀਰ ਦਾ ਰੱਬ ਮਹਿਰਮੁ 'ਚ ਤਬਦੀਲ ਹੋ ਕੇ *ਤੂੰ* ਦੀ ਨਾਦ ਰਾਹੀਂ ਸਮੁੱਚੇ ਬ੍ਰਹਿਮੰਡ 'ਚ ਗੂਜਦਾ ਸੁਣਾਈ ਦਿੰਦਾ ਏ। ਇਹ ਗੂੰਜ ਇਸ ਕਾਫ਼ੀ 'ਚ ਤੂੰ ਦੇ ਰੂਪ ਰਾਹੀਂ ਅੱਠ ਵਾਰੀ ਸੁਣਾਈ ਦਿੰਦੀ। ਇਸ "ਤੂੰ" ਦਾ ਨਾਦ ਭਗਤ ਰਵਿਦਾਸ ਜੀ ਤੇ ਕਬੀਰ ਜੀ ਦੀ ਸੁਰ 'ਚ ਇੰਝ ਸੁਣਾਈ ਦਿੰਦਾ ਹੈ,

- *ਜਬ ਹਮ ਹੋਤੇ ਤਬ ਤੂੰ ਨਾਹੀ, ਅਬ ਤੂੰ ਹੀ ਮੈ ਨਾਹੀ।।*[25]
- *ਕਬੀਰਾ ਤੂੰ ਹੀ ਕਬੀਰ ਤੂੰ ਤੇਰੋ ਨਾਉ ਕਬੀਰ।।*[26]

ਇੰਝ ਮੱਧਕਾਲੀ ਸਾਹਿਤ ਨੇ ਮੈਂ, ਮੇਰੀ, ਮੇਰਾ, ਦੀ ਇਮਾਰਤ "ਤੂੰ" ਦੀ ਸੁਰ ਰਾਹੀਂ ਢਹਿ-ਢੇਰੀ ਕੀਤੀ ਏ।

ਹੁਸੈਨ ਫ਼ਕੀਰ ਨੇ ਇਸ ਕਾਫ਼ੀ 'ਚ ਰੱਬ ਜਾਂ ਯਾਰ ਨੂੰ ਪਾਵਣ ਦਾ ਵੱਲ ਰਮਜ਼ ਰੂਪ ਵਿੱਚ ਸਾਂਝਾ ਕੀਤਾ। ਇਸ ਸਾਂਝ ਨੂੰ ਚਾਰ ਪੜਾਅ 'ਚ ਬਿਆਨ ਕੀਤਾ। ਇਹ ਪੜਾਅ ਭਾਵੇਂ ਸੁਖਾਲੇ ਨਹੀਂ, ਪਰ ਹੁਸੈਨ ਫ਼ਕੀਰ ਨੇ ਐਨੀ ਸਰਲਤਾ ਤੇ ਸਾਦਗੀ ਨਾਲ ਇਹ ਹਾਸਲ ਕੀਤੇ। ਆਪਣਾ ਅਨੁਭਵ ਸਾਂਝਾ ਕੀਤਾ। ਸਾਂਝ ਇਹ ਬਣਦੀ ਏ ਪਈ ਬੰਦਾ ਬੰਦੇ ਦਾ ਦਾਰੂ ਹੋਣਾ ਚਾਹੀਦਾ, ਪਰ ਤਾਰੀਖ਼ ਗਵਾਹ ਏ ਕਿ 16ਵੀਂ ਸਦੀ ਹੀ ਨਹੀਂ, ਸਗੋਂ ਸਦੀਆਂ ਤੋਂ ਆਮ ਜਨ ਸਧਾਰਨ ਲੋਕਾਂ ਦੇ ਹਾਲਾਤ ਅਜਿਹੇ ਸਨ ਕਿ ਉਹਨਾਂ ਦਾ ਹਾਲ ਪੁੱਛਣ ਤੇ ਦੱਸਣ ਵਾਲਾ ਕੋਈ ਨਹੀਂ ਸੀ। ਰਾਜਸ਼ਾਹੀਆਂ ਤੇ ਬਾਦਸ਼ਾਹੀਆਂ ਆਪੋ-ਆਪਣੇ ਰਾਜ ਦਰਬਾਰਾਂ ਦੀ ਚਕਾਚੌਂਧ ਵਿੱਚ ਗ਼ਲਤਾਨ ਸਨ। ਆਮ ਜਨ ਦੀ ਕੋਈ ਫ਼ਿਕਰ ਨਹੀਂ ਸੀ। ਅਜਿਹੇ ਵੇਲੇ 'ਚ ਲੋਕਾਂ ਨੂੰ ਗੁਮਰਾਹ ਕਰਨ

ਲਈ ਵੇਲੇ ਦੀ ਰਾਜਸ਼ਾਹੀ ਤੇ ਬਾਦਸ਼ਾਹੀ ਆਪਣੇ-ਆਪ ਨੂੰ ਉਹਨਾਂ ਦਾ ਰੱਬ ਦੱਸਦੀ। ਇਸ ਭੰਡੀ ਪ੍ਰਚਾਰ ਦੇ ਪਸਾਰ ਲਈ ਉਹਨਾਂ ਆਪਣੇ ਨੁਮਾਇੰਦੇ ਪੰਡਿਤ, ਮੁੱਲਾ, ਮੌਲਵੀ ਤੇ ਕਾਜ਼ੀ ਨੂੰ ਵੀ ਆਪਣੇ ਨਾਲ ਜੋੜਿਆ। ਇਹੋ-ਜਿਹੇ ਭਿਆਨਕ ਦੌਰ 'ਚ ਸੂਫ਼ੀ ਫ਼ਕੀਰ ਆਪਣੇ ਗਿਆਨ ਅਤੇ ਧਿਆਨ ਦੀ ਸਮਝ ਦੁਆਰਾ ਲੋਕਾਂ ਨੂੰ ਸੋਝੀ ਦੇਣ ਲਈ ਸਾਹਮਣੇ ਆਏ। ਉਹਨਾਂ ਨੇ ਰੱਬ ਨੂੰ ਸਾਂਈ, ਯਾਰ, ਮਹਿਰਮ ਆਦਿ ਰੂਪ 'ਚ ਹਾਜ਼ਰ ਨਾਜ਼ਰ ਮੰਨਿਆ। ਹੁਸੈਨ ਫ਼ਕੀਰ ਪਹਿਲਾ ਅਜਿਹਾ ਸ਼ਾਇਰ ਹੈ ਜਿਸ ਨੇ ਰੱਬ ਨੂੰ ਮਹਿਰਮ ਬਣਾਇਆ। ਕੇਵਲ ਮਹਿਰਮ ਹੀ ਨਹੀਂ ਬਣਾਇਆ, ਸਗੋਂ ਉਸ ਨੂੰ ਪੜਾਅ ਦਰ ਪੜਾਅ ਆਪਣੀ ਸ਼ਾਹ ਰਗ ਤੋਂ ਵੀ ਨੇੜੇ ਦੱਸ ਕੇ ਆਪਣੇ-ਆਪ ਦੀ ਨਫ਼ੀ ਤੱਕ ਕਰ ਦਿੱਤੀ, 'ਮੈਂ ਨਾਹੀ ਸਭ ਤੂੰ' । ਅਸਲ ਵਿੱਚ ਬਾਦਸ਼ਾਹਤ ਨੂੰ ਚੁਣੌਤੀ ਹੈ। ਇਹ ਚੁਣੌਤੀ ਨੂੰ ਵਹਿ-ਢੇਰੀ ਲਾਉਂਦੀ ਹੈ ਕਿ ਜਿਹੜਾ ਤੂੰ ਵੇਲੇ ਦਾ ਬਾਦਸ਼ਾਹ ਬਣ ਬੈਠਾ ਏ ਇਹ ਤੇਰਾ ਭਰਮ ਹੈ। ਹੁਸੈਨ ਸਭ ਕੁਝ ਆਪਣੇ ਉਸ ਮਹਿਰਮ ਉੱਤੇ ਛੱਡਦਾ ਏ ਜਿਹੜਾ ਉਸ ਦੇ ਰੋਮ-ਰੋਮ 'ਚ ਸਮਾਇਆ ਏ, ਜਿਸ ਨੂੰ ਸਭ ਕੁਝ ਮੰਨਦਾ ਹੈ, ਜਿਸ ਨੇ ਹੁਸੈਨ ਦੀ ਨਫ਼ੀ ਕਰਕੇ ਉਸ 'ਚੋਂ ਆਪਣੇ-ਆਪ ਹੀ ਪ੍ਰਗਟ ਹੋ ਗਿਆ। *"ਸਭ ਕੁਝ ਮੇਰਾ ਤੂੰ"* ਹੁਸੈਨ ਨੇ ਇਸ ਨਫ਼ੀ ਲਈ ਮਹਿਰਮ, ਸਰੀਰ ਲਈ, ਰੋਮ ਰੋਮ ਲਈ ਮਨ, ਸਭ ਕੁਝ ਮੇਰਾ ਬੁੱਧੀ ਲਈ ਅਤੇ ਮੈਂ ਨਾਹੀ ਤੂੰ ਲਈ ਆਤਮਾ ਨੂੰ ਅਥਾਹ ਪ੍ਰਕਾਸ਼ 'ਚ ਸਥਾਪਿਤ ਕੀਤਾ। ਇਸ ਪ੍ਰਕਾਸ਼, ਅਨੰਤ ਜੋਤ ਆਦਿ ਦਾ ਛੋਟੀ ਜੋਤ ਭਾਵ ਆਤਮਾ, ਰੂਹ ਦਾ ਸਮੁੱਚੀ ਕਾਇਨਾਤ 'ਚ ਮਿਲ ਜਾਣਾ ਹੀ *"ਮੈ ਨਾਹੀ ਸਭ ਤੂੰ "* ਦਾ ਅਹਿਸਾਸ ਕਰਵਾਉਂਦਾ ਹੈ। ਰੱਬ ਨੂੰ ਮਹਿਰਮ ਬਣਾ ਕੇ ਜਦੋਂ ਸਭ ਕੁਝ ਉਸ ਨੂੰ ਜਾਣ ਲਿਆ ਤਾਂ ਮੈਂ ਤੋਂ ਤੂੰ ਦੀ ਧੁਨੀ ਦਾ ਹੀ ਅਲਾਪ ਸੁਣਾਈ ਦਿੰਦਾ ਹੈ।

ਹੁਸੈਨ ਨੇ ਸਭ ਤੋਂ ਪਹਿਲਾਂ ਰੱਬ ਦਾ ਜ਼ਿਕਰ ਕੀਤਾ। ਰੱਬ ਨੂੰ ਰੱਬਾ ਕਹਿ ਕੇ ਸੰਬੋਧਨ ਕੀਤਾ। ਰੱਬਾ ਉਦੋਂ ਕਿਹਾ ਜਾਂਦਾ ਹੈ ਜਦੋਂ ਬੰਦਾ ਬਹੁਤ ਦੁਖੀ ਹਾਲਤ 'ਚ ਹੋਵੇ। ਉਸ 'ਤੇ ਕੋਈ ਐਸੀ ਮੁਸੀਬਤ ਆ ਪਈ ਹੋਵੇ, ਜਿਸ ਤੋਂ ਅੱਤਿ ਦਾ ਦੁਖੀ ਹੋਵੇ। ਇਹੋ-ਜਿਹੀ ਔਖੀ ਘੜੀ 'ਚ ਜਦੋਂ ਕੋਈ ਦੁੱਖ-ਦਰਦ ਦਾ ਸਾਂਝੀ ਨਹੀਂ ਹੁੰਦਾ ਤਾਂ ਉਹ ਸਾਰਾ ਕੁਝ ਛੱਡ-ਛੁਡਾ ਕੇ ਆਪਣਾ-ਆਪਾਂ ਕਿਸੇ ਇੱਕ ਅੱਗੇ ਸਮਰਪਿਤ ਕਰ ਦੇਵੇ ਤਾਂ ਅਜਿਹੇ ਭਾਵ ਧੁਰ ਅੰਦਰੋਂ ਪ੍ਰਗਟ ਹੁੰਦੇ ਹਨ। ਰੱਬ ਦੀ ਟੇਕ ਤੇ ਆਸਰੇ 'ਤੇ ਜਿਉਂਦਾ, ਪਰ ਹੁਸੈਨ ਦਾ ਇਹ ਰੱਬ ਪੰਡਿਤ, ਕਾਜ਼ੀ, ਮੁੱਲਾ, ਮੋਲਵੀ ਵਾਲਾ ਨਹੀਂ, ਸਗੋਂ ਉਹ ਰੱਬ ਨੂੰ ਮਹਿਰਮ ਬਣਾਉਂਦਾ ਏ। ਮਹਿਰਮ ਦਿਲ ਦਾ ਰਾਜ਼ਦਾਰ।

ਅਜੋਕੇ ਦੌਰ 'ਚ ਹੁਸੈਨ ਫ਼ਕੀਰ ਦੇ ਇਸ ਰੱਬ ਰੂਪੀ ਮਹਿਰਮੁ ਨੂੰ ਜਾਣਨਾ ਜ਼ਿਆਦਾ ਜ਼ਰੂਰੀ ਏ ਕਿਉਂ ਜੋ ਅੱਜ ਦੇ ਦੌਰ 'ਚ ਉੱਚਿਆਂ ਤੋਂ ਲੈ ਕੇ ਹੇਠਲਿਆਂ ਦੇ ਮੇਲ ਤੱਕ ਜਿੱਡਾ ਵੱਡਾ ਮਸਲਾ ਤੇ ਮਾਮਲਾ ਆਪੋ-ਆਪਣੇ ਰੱਬ ਦਾ ਹੋਇਆ ਪਿਆ ਏ ਇਹ ਬੰਦੇ ਦੀਆਂ ਸਾਰੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਦੀ ਜੜ੍ਹ ਬਣ ਗਿਆ। ਉਹ ਇਸ ਕਰਕੇ ਪਈ ਜਿਹੜੀਆਂ ਇਮਾਰਤਾਂ ਸਮਾਜ ਨੇ ਰੱਬ ਦੇ ਨਾਂ 'ਤੇ ਉਸਾਰੀਆਂ ਹੋਈਆਂ ਨੇ ਉਹ ਹਰ ਤਰ੍ਹਾਂ ਦੀ ਵਰਗ-ਵੰਡ ਦੇ ਭੇਦ-ਭਾਵ, ਊਚ-ਨੀਚ, ਜ਼ਾਤੀ- ਜ਼ਮਾਤੀ ਆਦਿ ਦੇ ਪਾੜਾ ਵਧਾ ਕੇ ਸਮਾਜ ਨੂੰ ਟੋਟੇ-ਟੋਟੇ ਕਰ ਰਹੀਆਂ ਹਨ। ਬਿਜਲਈ ਸੰਚਾਰ ਸਾਧਨਾਂ ਅਤੇ ਕੰਪਿਊਟਰੀਕਰਨ, ਮੀਡੀਆਂ, ਚੈਨਲ ਤੇ ਹੋਰ ਜਿੰਨੇ ਵੀ ਸੰਚਾਰ ਦੇ ਸਾਧਨ ਹਨ ਉਹ ਇਸ ਨੂੰ ਹੋਰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ, ਜਿਸ ਕਾਰਨ ਨਸਲੀ ਵਿਤਕਰੇ ਤੋਂ ਲੈ ਕੇ ਧਰਮਾਂ-ਮਜ਼ਬਾਂ ਦੀ ਆੜ ਵਿੱਚ ਨਿੱਤ ਦੰਗੇ ਫ਼ਸਾਦ ਹੁੰਦੇ ਹਨ, ਪਰ ਇਸ ਵਿੱਚ ਕਿਧਰੇ ਵੀ ਕੋਈ ਐਸੀ ਸੁਰ ਸੁਣਾਈ ਨਹੀਂ ਦਿੰਦੀ ਜਿਹੜੀ ਬੰਦੇ ਨੂੰ ਬੰਦੇ ਨਾਲ, ਸਮਾਜ ਨੂੰ ਸਮਾਜ ਨਾਲ ਜੋੜਨ ਵਾਲੀ ਹੋਵੇ। ਟੋਟੇ ਜਾਂ ਟੁਕੜਿਆਂ 'ਚ ਵੰਡਿਆ ਹੋਇਆ ਬੰਦਾ ਤੇ ਸਮਾਜ ਕਦੇ ਉੱਚ ਸੱਭਿਅਤਾ ਤੇ ਸੱਭਿਆਚਾਰ ਨਹੀਂ ਸਿਰਜ ਸਕਦਾ, ਕਿਉਂਕਿ ਇਹ ਟੋਟਿਆਂ ਭਰੀ ਵੰਡ ਬੰਦੇ ਨੂੰ ਮੈਂ ਮੇਰੀ ਨਾਲ ਭਰ ਦਿੰਦੀ ਏ, ਜਿਹੜੀ ਕਿ ਕਦੇ ਵੀ "ਤੂੰ" ਦਾ ਅਹਿਸਾਸ ਨਹੀਂ ਹੋਣ ਦਿੰਦੀ। ਇਸ "ਤੂੰ" ਦੇ ਅਹਿਸਾਸ ਲਈ ਹਾਲ ਦਾ ਮਹਿਰਮ ਹੋਣਾ ਅਤਿ ਜ਼ਰੂਰੀ ਏ, ਜਿਸ ਦੀ ਸੁਰ ਦਾ ਅਨਾਦੀ ਨਾਦ ਹੁਸੈਨ ਫ਼ਕੀਰ ਨੇ 16ਵੀਂ ਸਦੀ 'ਚ ਛੇੜਿਆ ਸੀ ਤੇ ਇਹ ਅੱਜ ਉਸ ਵੇਲੇ ਨਾਲੋਂ ਵੀ ਵਧੇਰੇ ਢੁਕਵਾਂ ਤੇ ਅਤਿ ਲੋੜੀਂਦਾ ਨਜ਼ਰੀ ਆਉਂਦਾ ਏ। ਮਹਿਰਮੁ ਤੋਂ ਸੱਖਣੀ ਦੁਨੀਆਂ *"ਰੱਬ ਤੇ ਤੂੰ"* ਨੂੰ ਨਹੀਂ ਸਮਝ ਸਕਦੀ, ਇਸ ਲਈ ਹਾਲ ਦਾ ਮਹਿਰਮੁ ਹੋਣਾ ਅਤੇ ਬਣਾਉਣਾ ਬਹੁਤ ਜ਼ਰੂਰੀ ਏ ਜਿਸ ਦਾ ਹੋਕਾ ਫ਼ਕੀਰ ਸਦੀਆਂ ਤੋਂ ਦੇਂਦੇ ਆਏ ਹਨ।

ਅਜੋਕੇ ਦੌਰ 'ਚ ਧਰਮ, ਮਜ਼ਹਬ ਆਦਿ ਦੇ ਨਾਂ 'ਤੇ ਵੱਧ ਰਹੇ ਨਿੱਤ ਦੇ ਦੰਗੇ-ਫ਼ਸਾਦ, ਅਤੰਕਵਾਦ ਦੇ ਨਾਂ 'ਤੇ ਹੋਣ ਵਾਲੀਆਂ ਲੜਾਈਆਂ ਅੱਜ ਵੀ ਇਸੇ ਸੰਕੀਰਣਤਾ 'ਚ ਹੋ ਰਹੀਆਂ ਨੇ। 21ਵੀਂ ਸਦੀ ਟੈਕਨੋਲੋਜੀ ਦੇ ਪੱਧਰ 'ਤੇ ਬਿਨਾਂ ਸ਼ੱਕ ਬੰਦੇ ਨੇ ਪਦਾਰਥਕ ਉੱਨਤੀ ਕੀਤੀ, ਪਰ ਬੰਦੇ ਨੂੰ ਬੰਦੇ ਦੀ ਸਾਰ ਦਿਵਾਉਣ ਤੋਂ ਅਸਲੋਂ ਇਹ ਵਿਕਾਸ ਖੋਖਲਾ ਤੇ ਪੇਤਲਾ ਹੈ। ਏ.ਆਈ. ਦੇ ਯੁੱਗ 'ਚ ਵੀ ਧਰਮਾਂ ਤੇ ਮਜ਼ਬਾਂ ਦੀ ਆੜ 'ਚ ਵੀ ਸੰਕਟ ਦਿਨੋ-ਦਿਨ ਮਨੁੱਖ ਲਈ ਘਾਤਕ ਸਿੱਧ ਹੋ ਰਹੇ ਨੇ, ਕਿਉਂ ਜੋ ਰੱਬ ਤੇ ਧਰਮਾਂ ਦੇ ਨਾਂ 'ਤੇ ਡਰਾਉਣ ਵਾਲੇ ਆਪ ਹੀ ਉਸ ਦੀ ਵਰਤੋਂ ਨਿੱਜੀ ਹਿੱਤਾਂ ਲਈ ਕਰ ਰਹੇ ਹਨ। ਇਸ ਲਈ ਕਿਧਰੇ ਮਨੁੱਖ ਨੂੰ ਮਨੁੱਖ ਦਿਖਾਈ ਨਹੀਂ ਦਿੰਦਾ, ਸਗੋਂ ਵੱਖ-ਵੱਖ ਕੱਪੜਿਆਂ ਦੇ ਭੇਸ 'ਚ ਲੁਕੇ ਹੋਏ ਧਰਮ-ਮਜ਼ਬ ਆਦਿ ਦੇ ਟੋਲੇ ਵਿਖਾਈ ਦਿੰਦੇ ਨੇ, ਜਿਹੜੇ ਮਨੁੱਖ ਨੂੰ ਲੁਪਤ ਕਰ ਦਿੰਦੇ ਹਨ। ਪਰ ਹੁਸੈਨ ਨੇ ਰੱਬ ਨੂੰ ਮਹਿਰਮੁ ਬਣਾ ਕੇ ਇਹ ਸਾਰੇ ਤਗਾਦੇ ਖ਼ਤਮ ਕਰ ਦਿੱਤੇ ਜਿਸ ਦੀ ਅੱਜ ਜ਼ਿਆਦਾ ਲੋੜ ਏ।

## *ਹਵਾਲੇ ਅਤੇ ਟਿੱਪਣੀਆਂ*


1. *ਲੈਜ਼ੀਆ, ਡਾ. ਲਖਵੀਰ ਤੇ ਅਹਿਮਦ ਜ਼ੁਬੈਰ, 2026, (ਸੰਪਾ) ਕੁੱਲ ਕਲਾਮ ਕਹੈ ਹੁਸੈਨ ਫ਼ਕੀਰ ਸਾਂਈ ਦਾ, ਆਟਮ ਆਰਟ, ਪਟਿਆਲਾ, ਪੰਨਾ: 33*
2. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 356*
3. *ਲੈਜ਼ੀਆ, ਡਾ. ਲਖਵੀਰ ਤੇ ਅਹਿਮਦ ਜ਼ੁਬੈਰ, 2026, (ਸੰਪਾ) ਕੁੱਲ ਕਲਾਮ ਕਹੈ ਹੁਸੈਨ ਫ਼ਕੀਰ ਸਾਂਈ ਦਾ, ਆਟਮ ਆਰਟ, ਪਟਿਆਲਾ,, ਪੰਨਾ: 79*
4. *ਉਹੀ, ਪੰਨਾ: 40*
5. *ਉਹੀ, ਪੰਨਾ: 79*
6. *ਉਹੀ, ਪੰਨਾ: 139*
7. *ਉਹੀ,- ਪੰਨਾ: 145*
8. *ਡਾ. ਜਗਤਾਰ (ਸੰਪਾ.) ਬੁੱਲ੍ਹੇ ਸ਼ਾਹ ਜੀਵਨ ਅਤੇ ਰਚਨਾ, ਯੂਨੀਸਟਾਰ ਬੁਕਸ, ਚੰਡੀਗੜ੍ਹ,ਪੰਨਾ: 146*
9. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 39*

10. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 180*
11. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 299*
12. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 828*
13. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 1377*
14. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 1096-97*
15. *ਬਚਿਤ੍ਰ ਨਾਟਕ, ਅੰਗ: 556*
16. *ਲੈਜ਼ੀਆ, ਡਾ. ਲਖਵੀਰ ਤੇ ਅਹਿਮਦ ਜ਼ੁਬੈਰ, 2026, (ਸੰਪਾ) ਕੁੱਲ ਕਲਾਮ ਕਹੈ ਹੁਸੈਨ ਫ਼ਕੀਰ ਸਾਂਈ ਦਾ, ਆਟਮ ਆਰਟ, ਪਟਿਆਲਾ, ਪੰਨਾ-96*
17. *ਉਹੀ, ਪੰਨਾ: 125*
18. *ਉਹੀ, ਪੰਨਾ: 157*
19. *ਉਹੀ, ਪੰਨਾ: 61*
20. *ਉਹੀ, ਪੰਨਾ: 128*
21. *ਉਹੀ, ਪੰਨਾ: 88*
22. *ਉਹੀ, ਪੰਨਾ: 57*
23. *ਉਹੀ, ਪੰਨਾ: 43*
24. *ਲੈਜ਼ੀਆ, ਡਾ. ਲਖਵੀਰ, ਸੁਲਤਾਨ ਬਾਹੂ ਕਾਵਿ ਸੁਹਜ ਤੇ ਕਲਾਮ, 2017,ਯੂਨੀਸਟਾਰ ਬੁਕਸ, ਚੰਡੀਗੜ੍ਹ, ਪੰਨਾ: 117*
25. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 657*
26. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 1366*


## *Cite this Article-*


ਡਾ. ਲਖਵੀਰ ਲੈਜ਼ੀਆ (Dr. Lakhvir Lezia), ਸ਼ਾਹ ਹੁਸੈਨ ਦਾ ਮਹਿਰਮ: 'ਮੈਂ ਨਾਹੀ ਸਭ ਤੂੰ' (Shah Hussain Da Mehram: 'Mai Nahi Sab Tu'), *ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 01-06.*

*Journal URL: www.armaan.org.in*

*DOI: https://doi.org/10.64119/armaan.vol.4.issue3.01*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/